

Scanned by CamScanner



Scanned by CamScanner

ਦਲਤਪੁਰਾ ਤ ਗਰਾ : ਸਸਥਾ ਗਲਡਨ ਅਰਥ ਕਾਨਵੈਂਟ ਸਕੂਲ ਜੋਗੇ ਵਾਲਾ ਵਿਖੇ ਸਮਰ ਕੈਂਪ ਸ਼ੁਰੂ ਕੀਤਾ ਗਿਆ, ਜਿਸ ਦਾ ਉਦਘਾਟਨ ਸਕੂਲ ਚੇਅਰਮੈਨ ਬਲਦੇਵ ਕ੍ਰਿਸ਼ਨ ਅਰੋੜਾ ਅਤੇ ਐੱਸ. ਟੀ. ਹਰਜੀਤ ਸਿੰਘ ਵੱਲੋਂ ਕੀਤਾ ਗਿਆ। ਪ੍ਰਿੰ. ਵਿਨੋਦ ਸ਼ਰਮਾ ਨੇ ਦੱਸਿਆ ਕਿ ਇਹ ਕੈਂਪ ਅਗਲੇ ਪੰਜ ਦਿਨਾਂ ਤੱਕ ਚੱਲੇਗਾ ਅਤੇ ਇਸ ਵਿਚ ਵੱਖ-ਵੱਖ ਖੇਡਾਂ ਕਰਾਈਆਂ ਜਾਣਗੀਆਂ। ਇਸ ਮੌਕੇ ਆਏ ਹੋਏ ਮਹਿਮਾਨਾਂ ਦਾ ਸਨਮਾਨ ਕੀਤਾ ਗਿਆ। ਇਸ ਸਮੇਂ ਏ. ਐੱਸ. ਆਈ. ਪਰਮਜੀਤ ਕੌਰ, ਐੱਲ. ਐੱਚ. ਸੀ. ਰਮਨਦੀਪ ਕੌਰ, ਆਈ. ਸੀ. ਕੁਲਵੰਤ ਕੌਰ, ਐੱਚ. ਸੀ. ਸੁਮਨਦੀਪ ਕੌਰ, ਗੁਰਪ੍ਰੀਤ ਸਿੰਘ, ਸਕੂਲ ਦੇ ਪ੍ਰਧਾਨ

Scanned by CamScanner



Scanned by CamScanner









ਬਾਜਾਖਾਨਾ ਸਕੂਲ 'ਚ ਪ੍ਰਿੰਸੀਪਲ ਪਰਮਿੰਦਰ ਸਿੰਘ ਬਰਾੜ ਅਤੇ ਹੋਰ ਸਮਰ ਕੈਂਪ ਦਾ ਉਦਘਾਟਨ ਕਰਦੇ ਹੋਏ। (2) ਸਮਰ ਕੈਂਪ 'ਚ ਭਾਗ ਲੈਣ ਸਮੇਂ ਵਿਦਿਆਰਥੀ ਅਤੇ ਸਮੂਹ ਅਧਿਆਪਕ। (3) ਸਮਰ ਕੈਂਪ ਦਾ ਉਦਘਾਟਨ ਕਰਦੇ ਹੋਏ ਸਕੂਲ ਚੇਅਰਮੈਨ ਬਲਦੇਵ ਸਿੰਘ ਅਰੋੜਾ, ਐਸਆਈ ਪਰਮਜੀਤ ਸਿੰਘ ਤੇ ਹੋਰ।

Scanned by CamScanner

ਇਲਾਕੇ ਦੀ ਮੰਨੀ ਪ੍ਰਮੰਨੀ ਸੰਸਥਾ ਗੋਲਡਨ ਅਰਥ ਕਾਨਵੈਂਟ ਸਕੂਲ ਜੋਗੇਵਾਲਾ 'ਚ ਤੰਬਾਕੂ ਵਿਰੋਧੀ ਦਿਵਸ ਮਨਾਇਆ ਗਿਆ। ਇਸ ਸਮੇਂ ਪ੍ਰਿੰਸੀਪਲ ਵਿਨੋਦ ਕੁਮਾਰ ਸ਼ਰਮਾ ਨੇ ਤੰਬਾਕੂ ਵਿਰੋਧੀ ਦਿਵਸ ਤੇ ਆਪਣੇ ਵਿਚਾਰ ਪੇਸ਼ ਕਰਦੇ ਹੋਏ ਕਿਹਾ ਕਿ ਤੰਬਾਕੂ ਜ਼ਿੰਦਗੀ ਨੂੰ ਘੁਣ ਵਾਂਗ ਹੌਲੀ ਹੌਲੀ ਖਾ ਜਾਂਦਾ ਹੈ। ਜਿਸ ਨਾਲ ਕਈ ਜ਼ਿੰਦਗੀਆਂ ਗਈਆਂ ਹਨ ਅਤੇ ਕਈ ਘਰ ਇਸ ਤੰਬਾਕੂ ਦੀ ਭੇਟ ਚੜ੍ਹ ਚੁੱਕੇ ਹਨ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਲੱਕੜ ਨੂੰ ਘੁਣ ਖਾ ਜਾਂਦਾ ਹੈ ਉਸੇ ਤਰ੍ਹਾਂ ਹੀ ਮਨੁੱਖ ਨੂੰ ਤੰਬਾਕੂ ਹੌਲੀ ਹੌਲੀ ਖਾ ਜਾਂਦਾ ਹੈ, ਜਿਸਦਾ ਅੰਤ ਬਹੁਤ ਹੀ ਬੁਰਾ ਹੁੰਦਾ ਹੈ। ਉਨ੍ਹਾਂ ਕਿਹਾ ਕਿ ਤੰਬਾਕੂ ਇਕ ਜਾਨਲੇਵਾ ਬਿਮਾਰੀ ਹੈ। ਜਿਸ ਨਾਲ ਮੂੰਹ ਦਾ ਕੈਂਸਰ ਗੁਰਦਿਆ ਦੀਆਂ ਬਿਮਾਰੀਆਂ ਤੇ ਕਈ ਤਰ੍ਹਾਂ ਦੇ ਪੇਟ ਦੇ ਰੋਗ ਹੋ ਸਕਦੇ ਹਨ। ਇਸ ਮੌਕੇ ਸਕੂਲ ਦੇ ਬੱਚਿਆਂ 'ਚ ਭਾਸ਼ਣ ਮੁਕਾਬਲੇ ਤੇ ਪੋਸਟਰ ਮੇਕਿੰਗ ਦੇ ਮੁਕਾਬਲੇ ਵੀ ਕਰਵਾਏ ਗਏ । ਇਸ ਸਮੇਂ ਸਕੂਲ ਦੇ ਚੇਅਰਮੈਨ ਬਲਦੇਵ ਕ੍ਰਿਸ਼ਨ ਅਰੋੜਾ, ਪ੍ਰਧਾਨ ਡਾ. ਮਨਿੰਦਰਪਾਲ ਅਰੋੜਾ, ਡਾਇਰੈਕਟਰ ਨੀਤੂ ਅਰੋੜਾ ਤੇ ਸਕੂਲ ਦਾ ਸਮੂਹ ਸਟਾਫ਼ ਹਾਜ਼ਰ ਸਨ।

**ਪੱਤਰ ਪ੍ਰੇਰਕ, ਫ਼ਰੀਦਕੋਟ** : ਆਲਮੀ ਤੰਬਾਕੂ ਵਿਰੋਧੀ ਦਿਹਾੜੇ ਮੌਕੇ ਗੁਰੂ ਆਸਰਾ ਕਲੱਬ ਵੱਲੋਂ ਵਿਦਿਆਰਥੀਆਂ ਨੂੰ ਤੰਬਾਕੂ ਦੇ ਦੁਰ-ਪ੍ਰਭਾਵਾਂ ਸਬੰਧੀ ਜਾਗਰੂਕ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਕਲੱਬ ਦੇ ਸੇਵਾਦਾਰ ਹਰਪ੍ਰੀਤ ਸਿੰਘ ਭਿੰਡਰ ਨੇ ਦੱਸਿਆ ਕਿ ਸਥਾਨਕ ਸਰਕਾਰੀ ਮਿਡਲ ਸਕੂਲ ਬਾਜ਼ੀਗਰ ਬਸਤੀ ਵਿਖੇ ਤੰਬਾਕੂ ਕੰਟਰੋਲ ਸੈੱਲ ਫ਼ਰੀਦਕੋਟ ਤੋਂ ਪਹੁੰਚੇ ਭਾਈ ਸ਼ਿਵਜੀਤ ਸਿੰਘ ਸੰਘਾ ਨੇ ਵਿਦਿਆਰਥੀਆਂ ਨੂੰ ਜਾਗਰੂਕ ਕਰਦਿਆਂ ਦੱਸਿਆ ਕਿ ਤੰਬਾਕੂ ਕਿਸੇ ਵੀ ਕੁਦਰਤੀ ਆਫਤ ਜਾਂ ਬਿਮਾਰੀ ਨਾਲੋਂ ਜ਼ਿਆਦਾ ਖ਼ਤਰਨਾਕ ਹੈ ਕਿਉਂਕਿ ਤੰਬਾਕੂ ਨਾਲ ਹਰ ਰੋਜ਼ 2200 ਵਿਅਕਤੀਆਂ ਦੀ ਮੌਤ ਸਿੱਧੇ ਜਾਂ ਅਸਿੱਧੇ ਸੇਵਨ ਨਾਲ ਹੁੰਦੀ ਹੈ। ਉਨ੍ਹਾਂ ਕਿਹਾ ਕਿ ਤੰਬਾਕੂ, ਵਰਤੋਂ ਕਰਨ ਵਾਲੇ ਮਨੁੱਖ ਲਈ ਤਾਂ ਖ਼ਤਰਨਾਕ ਹੈ ਹੀ, ਸਗੋਂ ਉਨ੍ਹਾਂ ਮਨੁੱਖਾਂ ਲਈ ਵੀ ਖ਼ਤਰਨਾਕ ਹੈ ਜੋ ਇਸ ਦੀ ਵਰਤੋਂ ਤਾਂ ਭਾਵੇਂ ਨਹੀ ਕਰਦੇ ਪਰੰਤੂ ਉਹਨਾਂ ਕੋਲ ਕਿਸੇ ਤਰੀਕੇ ਬੀੜੀ-ਸਿਗਰਟ ਦੇ ਧੂੰਏਂ ਦੇ ਰੂਪ 'ਚ ਤੰਬਾਕੂ ਪਹੁੰਚ ਜਾਂਦਾ ਹੈ।

ਇਸ ਤੋਂ ਬਚਾਉਣ ਲਈ ਹੀ ਸਰਕਾਰ ਵੱਲੋਂ ਸਿਗਰਟ ਤੇ ਹੋਰ ਤੰਬਾਕੂ ਪਦਾਰਥ ਐਕਟ 2003 ਹੋਂਦ 'ਚ ਲਿਆਂਦਾ ਗਿਆ ਤਾਂ ਜੋ ਤੰਬਾਕੂ ਦੀ ਵਰਤੋਂ ਨਾ ਕਰਨ ਵਾਲੇ ਮਾਸੂਮ ਲੋਕਾਂ ਨੂੰ ਮੌਤ ਦੇ ਮੂੰਹ 'ਚ ਜਾਣ ਤੋਂ ਬਚਾਇਆ ਜਾ ਸਕੇ। ਉਨ੍ਹਾਂ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਸੁਨੇਹਾ ਦਿੱਤਾ ਕਿ ਜਨਤਕ ਥਾਵਾਂ 'ਤੇ ਸਿਗਰਟਨੋਸ਼ੀ ਕਰਨ ਵਾਲੇ ਵਿਅਕਤੀਆਂ ਨੂੰ ਰੋਕਿਆ ਜਾਵੇ ਜਾਂ ਉਨ੍ਹਾਂ ਦੀ ਸ਼ਿਕਾਇਤ ਜ਼ਿਲ੍ਹਾ ਨੋਡਲ ਅਫ਼ਸਰ, ਤੰਬਾਕੂ ਕੰਟਰੋਲ ਸੈੱਲ ਜਾਂ ਪੁਲਿਸ ਨੂੰ ਕੀਤੀ ਜਾਵੇ। ਇਸ ਮੌਕੇ 'ਤੇ ਸਕੂਲ ਮੁਖੀ ਤਰਸੇਮ ਸਿੰਘ ਨੇ ਗੁਰੂ ਆਸਰਾ ਕਲੱਬ ਅਤੇ ਜ਼ਿਲ੍ਹਾ ਤੰਬਾਕੂ ਕੰਟਰੋਲ ਸੈੱਲ ਫ਼ਰੀਦਕੋਟ ਦੇ ਉਪਰਾਲੇ ਦੀ ਸ਼ਲਾਘਾ ਕੀਤੀ। ਇਸ ਸਮੇਂ ਸਕੂਲ ਅਧਿਆਪਕ ਗੁਰਪ੍ਰੀਤ ਸਿੰਘ, ਸੰਦੀਪ ਅਰੋੜਾ, ਜਸਵੰਤ ਸਿੰਘ, ਹਰਪ੍ਰੀਤ ਕੌਰ, ਰੁਪਾਲੀ, ਜਸਵੀਰ ਕੌਰ, ਹਰਪਾਲ ਸੰਧੂ ਅਤੇ ਜਸਕੀਰਤ ਕੌਰ ਵੀ ਹਾਜ਼ਰ ਸਨ। ਇਸ ਮੌਕੇ ਅਧਿਆਪਕਾਂ ਤੇ ਵਿਦਿਆਰਥੀਆਂ ਵੱਲੋਂ ਤੰਬਾਕੂ ਦੀ ਵਰਤੋਂ ਨਾ ਕਰਨ ਦਾ ਪ੍ਰਣ ਵੀ ਲਿਆ ਗਿਆ।

**ਸਟਾਫ ਰਿਪੋਰਟਰ, ਮੋਗਾ** : ਸ਼ਹਿਰ ਦੀ ਨਾਮਵਰ ਵਿੱਦਿਅਕ ਸੰਸਥਾ ਬਲੂਮਿੰਗ ਬਡਜ਼ ਸਕੂਲ ਵਿੱਚ ਗਰੁੱਪ ਚੇਅਰਮੈਨ ਸੰਜੀਵ ਕੁਮਾਰ ਸੈਣੀ ਤੇ ਚੇਅਰਪਰਸਨ ਮੈਡਮ ਕਮਲ ਸੈਣੀ ਦੀ ਅਗਵਾਈ ਹੇਠ ਸਵੇਰ ਦੀ ਪ੍ਰਾਰਥਨਾ ਸਭਾ ਦੌਰਾਨ ਬਾਰਵੀ ਜਮਾਤ ਦੇ ਵਿਦਿਆਰਥੀਆਂ ਵੱਲੋਂ ਸਪੈਸਲ ਐਸਬਲੀ ਲਈ ਗਈ।

ਜਿਸ ਦੌਰਾਨ ਵਿਸ਼ਵ ਤੰਬਾਕੂ ਦਿਵਸ ਮਨਾਇਆ ਗਿਆ। ਬੱਚਿਆਂ ਵੱਲੋਂ ਇਸ ਦੌਰਾਨ ਤੰਬਾਕੂ ਨਾਲ ਹੋਣ ਵਾਲੀਆਂ ਬਿਮਾਰੀਆਂ ਤੋਂ ਜਾਣੂ ਕਰਵਾਇਆ ਗਿਆ। ਲੋਕਾਂ ਨੂੰ ਇਸ ਦੀ ਵਰਤੋਂ ਨਾ ਕਰਨ ਦਾ ਸੰਦੇਸ਼ ਦਿੱਤਾ। ਵਿਦਿਆਰਥੀਆਂ ਵੱਲੋਂ ਇਸ ਵਿਸ਼ੇ ਸਬੰਧਤ ਚਾਰਟ ਅਤੇ ਸਲੋਗਨ ਬਣਾਏ ਗਏ।

ਜ਼ਿਕਰਯੋਗ ਹੈ ਕਿ ਜਮਾਤ ਨੌਵੀ ਤੇ ਦਸਵੀ ਦੇ ਬੱਚਿਆਂ ਵੱਲੋਂ ਤੰਬਾਕੂ ਵਿਰੋਧੀ ਚਾਰਟ ਸਲੋਗਨਾਂ ਜਿਵੇਂ ਤੰਬਾਕੂ ਨੂੰ ਜਿਸ ਨੇ ਗਲੇ ਲਾਇਆ ਮੌਤ ਨੂੰ ਆਪਣੇ ਕੋਲ ਬੁਲਾਇਆ। ਤੰਬਾਕੂ ਨਾ ਪੀਓ ਇਹ ਤੁਹਾਨੂੰ ਪੀ ਜਾਵੇਗਾ, ਤੰਬਾਕੂ ਦਾ ਅੰਜਾਮ ਮੌਤ ਦਾ ਪੈਗਾਮ ਆਦਿ ਬਣਾ ਕੇ ਪਿੰਡ ਤਲਵੰਡੀ ਭੰਗੇਰੀਆਂ 'ਚ ਜਾ ਕੇ ਲੋਕਾਂ ਨੂੰ ਜਾਗਰੂਕ ਕਰਨ ਲਈ ਵਿਸ਼ਾਲ ਰੈਲੀ ਕੱਢੀ ਗਈ। ਇਸ ਰੈਲੀ ਦੀ ਅਗਵਾਈ ਸੰਸਥਾ ਦੇ ਐਨਸੀਸੀ ਕੈਡਿਟ ਵੱਲੋਂ ਕੀਤੀ ਗਈ। ਪਿੰਡ ਦੇ ਲੋਕਾਂ ਨੇ ਬੱਚਿਆਂ ਦੀ ਤੇ ਸੰਸਥਾ ਦੀ ਸ਼ਲਾਘਾ ਕੀਤੀ। ਇਸ ਮੌਕੇ ਪ੍ਰਿੰਸੀਪਲ ਮੈਡਮ ਵੱਲੋਂ ਦੱਸਿਆ ਗਿਆ ਕਿ ਸੰਸਥਾ 'ਚ ਸਮੇਂ ਸਮੇਂ ਤੇ ਸਮਾਜ ਨੂੰ ਜਾਗਰੂਕ ਕਰਨ ਅਤੇ ਵਧੀਆ ਸੇਧ ਦੇਣ ਲਈ ਗਤੀਵਿਧੀਆਂ ਕਰਵਾਈਆਂ ਜਾਂਦੀਆਂ ਹਨ।

**ਮਹਿੰਦਰ ਸਹੋਤਾ, ਫਤਹਿਗੜ੍ਹ ਪੰਜਤੂਰ** : ਸਥਾਨਕ ਕਸਬੇ ਦੀ ਨਾਮਵਰ ਵਿੱਦਿਅਕ ਸੰਸਥਾ ਸ੍ਰੀ ਹੇਮਕੁੰਟ ਸਾਹਿਬ ਸੀਨੀਅਰ ਸੈਕੰਡਰੀ ਸਕੂਲ ਫਤਹਿਗੜ੍ਹ ਪੰਜਤੂਰ ਵਿਖੇ ਪ੍ਰਿੰਸੀਪਲ ਮੈਡਮ ਮੰਜੂ ਅਰੋੜਾ ਦੀ ਯੋਗ ਅਗਵਾਈ ਹੇਠ ਤੰਬਾਕੂ ਵਿਰੋਧੀ ਦਿਵਸ ਮਨਾਇਆ ਗਿਆ। ਇਸ ਸਮੇਂ ਵਿਦਿਆਰਥੀਆਂ ਵੱਲੋਂ ਤੰਬਾਕੂ ਦੇ ਬੁਰੇ ਪ੍ਰਭਾਵਾਂ ਬਾਰੇ ਲੋਕਾਂ ਨੂੰ ਜਾਣੂ ਕਰਵਾਇਆ ਗਿਆ। ਸਕੂਲ ਤੋਂ ਨਸ਼ਿਆਂ ਵਿਰੁੱਧ ਰੈਲੀ ਕੱਢੀ ਗਈ। ਸ੍ਰੀ ਹੇਮਕੁੰਟ ਸੰਸਥਾਵਾਂ ਦੇ ਚੇਅਰਮੈਨ ਕੁਲਵੰਤ ਸਿੰਘ ਸੰਧੂ ਤੇ ਐਮਡੀ ਮੈਡਮ ਰਣਜੀਤ ਕੌਰ ਸੰਧੂ ਨੇ ਬੱਚਿਆਂ ਨੂੰ ਤੰਬਾਕੂ ਦੇ ਬੁਰੇ ਪ੍ਰਭਾਵਾਂ ਬਾਰੇ ਦੱਸਦੇ ਹੋਏ ਕਿਹਾ ਕਿ ਤੰਬਾਕੂ ਦਾ ਸੇਵਨ ਕਰਨ ਨਾਲ ਮੂੰਹ ਦਾ ਕੈਂਸਰ, ਸਾਹ ਦੀ ਸਮੱਸਿਆ, ਟੀਵੀ ਤੇ ਫੇਫੜਿਆਂ ਵਰਗੀਆਂ ਭਿਆਨਕ ਬਿਮਾਰੀਆਂ ਲੱਗ ਜਾਂਦੀਆਂ ਹਨ। ਇਸ ਲਈ ਹਰ ਇੱਕ ਇਨਸਾਨ ਨੂੰ ਤੰਬਾਕੂ ਦੇ ਮਾੜੇ ਪ੍ਰਭਾਵਾਂ ਬਾਰੇ ਜਾਣੂ ਹੋਣਾ ਚਾਹੀਦਾ ਹੈ।

**ਬਲਵਿੰਦਰ ਸਮਰਾ, ਬਿਲਾਸਪੁਰ** : ਨਾਮਵਰ ਸੰਸਥਾ ਦਸਮੇਸ਼ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਬਿਲਾਸਪੁਰ 'ਚ ਵਿਸ਼ਵ ਤੰਬਾਕੂ ਮੁਕਤ ਦਿਵਸ ਮਨਾਇਆ ਗਿਆ। ਸਹਾਇਕ ਡਾਇਰੈਕਟਰ





ਤੰਬਾਕੂ ਵਿਰੋਧੀ ਰੈਲੀ ਕੱਢਦੇ ਹੋਏ ਸਕੂਲ ਦੇ ਵਿਦਿਆਰਥੀ। (ਸੱਜੇ) ਦਸਮੇਸ਼ ਸਕੂਲ ਬਿਲਾਸਪੁਰ ਵਿਖੇ ਵਿਸ਼ਵ ਤੰਬਾਕੂ ਮੁਕਤ ਦਿਵਸ ਮਨਾਉਂਦੇ ਹੋਏ ਅਧਿਆਪਕ ਤੇ ਵਲੰਟੀਅਰ।

## ਜੇ ਜ਼ਿੰਦਗੀ ਨਾਲ ਹੈ ਪਿਆਰ ਤਾਂ ਤੰਬਾਕੂ ਨੂੰ ਕਰੋ ਇਨਕਾਰ : ਡਾ.ਹਰਜੋਤ



**ਵਕੀਲ ਮਹਿਰੋਂ, ਮੋਗਾ** : ਜੇਕਰ ਜ਼ਿੰਦਗੀ ਨਾਲ ਪਿਆਰ ਹੈ ਤਾਂ ਸਦਾ ਲਈ ਤੰਬਾਕੂ ਤੋਂ ਇਨਕਾਰ ਕਰਨਾ ਹੋਵੇਗਾ ਨਹੀ ਤਾਂ ਤੰਬਾਕੂ ਮਨੁੱਖ ਦੀ ਜ਼ਿੰਦਗੀ ਨੂੰ ਖਾ ਜਾਵੇਗਾ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕਰਦੇ ਹੋਏ ਮੋਗਾ ਹਲਕੇ ਦੇ ਵਿਧਾਇਕ ਡਾ. ਹਰਜੋਤ ਨੇ ਵਿਸ਼ਵ ਤੰਬਾਕੂ ਵਿਰੋਧੀ ਦਿਵਸ 'ਤੇ ਆਪਣੇ ਵਿਚਾਰ ਪੇਸ਼ ਕਰਦੇ ਹੋਏ ਕਿਹਾ ਕਿ ਤੰਬਾਕੂ ਜ਼ਿੰਦਗੀ ਨੂੰ ਘੁਣ ਵਾਂਗ ਹੌਲੀ ਹੌਲੀ ਖਾ ਜਾਂਦਾ ਹੈ ਜਿਸ ਨਾਲ ਕਈ ਜ਼ਿੰਦਗੀਆਂ ਗਈਆਂ ਹਨ ਅਤੇ ਕਈ ਘਰ ਇਸ ਤੰਬਾਕੂ ਦੀ ਭੇਟ ਚੜ੍ਹ ਚੁੱਕੇ ਹਨ। ਉਨ੍ਹਾਂ ਕਿਹਾ ਕਿ ਡਾਕਟਰ ਹੋਣ ਦੇ ਨਾਤੇ ਉਹ ਸਮਾਜ ਦੇ ਲੋਕਾਂ ਨੂੰ ਤੰਬਾਕੂ ਤੋਂ ਹੋਣ ਵਾਲੇ ਖਤਰਨਾਕ ਪ੍ਰਭਾਵਾਂ ਬਾਰੇ ਜਾਗਰੂਕ ਕਰਨਾ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਲੱਕੜ ਨੂੰ ਘੁਣ ਖਾ ਜਾਂਦਾ ਹੈ ਉਸੇ ਤਰ੍ਹਾਂ ਹੀ ਮਨੁੱਖ ਨੂੰ ਤੰਬਾਕੂ ਹੌਲੀ ਹੌਲੀ ਖਾ ਜਾਂਦਾ ਹੈ ਜਿਸਦਾ ਅੰਤ ਬਹੁਤ ਹੀ ਬੁਰਾ ਹੁੰਦਾ ਹੈ। ਡਾ. ਹਰਜੋਤ ਨੇ ਕਿਹਾ ਕਿ ਸਰਕਾਰ ਵਲੋਂ ਨਸ਼ਾ ਛੁਡਾਉਣ ਲਈ ਨਸ਼ਾ ਛੁਡਾਊ ਕੇਂਦਰ ਸਥਾਪਿਤ ਕੀਤੇ ਗਏ ਹਨ ਅਤੇ ਨਸ਼ੇ ਦਾ ਸੇਵਨ ਕਰਨ ਵਾਲੇ ਲੋਕਾਂ ਨੂੰ ਨਸ਼ਾ ਛੱਡਣ ਲਈ ਇਨ੍ਹਾਂ ਕੇਂਦਰਾਂ ਵਿੱਚ ਜਾ ਕੇ ਸੰਪਰਕ ਕਰਨਾ ਚਾਹੀਦਾ ਹੈ। ਡਾ. ਹਰਜੋਤ ਨੇ ਕਿਹਾ ਕਿ ਨਸ਼ਾ ਸਮਾਜ ਦੇ ਮੱਥੇ ਤੇ ਬਹੁਤ ਵੱਡਾ ਕਲੰਕ ਹੈ।

Scanned by CamScanner

# ਸਿਹਤ ਜਾਂਚ ਸਬੰਧੀ ਕੈਂਪ ਲਗਾਇਆ




*ਕੈਂਪ ਮੌਕੇ ਬੱਚਿਆਂ ਦੀ ਜਾਂਚ ਕਰਦੇ ਹੋਏ ਮਾਹਿਰ ਡਾਕਟਰ। (ਸ਼ੁਭਮ)*

ਮੋਗਾ, 22 ਮਈ (ਬਿੰਦਾ)-ਗੋਲਡਨ ਅਰਥ ਕਾਨਵੈਂਟ ਸਕੂਲ ਜੋਗੇਵਾਲਾ ਵਿਖੇ ਸਾਲਾਨਾ ਸਿਹਤ ਜਾਂਚ ਕੈਂਪ ਲਾਇਆ ਗਿਆ, ਜਿਸ 'ਚ ਐੱਸ. ਐੱਮ. ਓ. ਡਰੋਲੀ ਭਾਈ ਡਾ. ਇੰਦਰਵੀਰ ਸਿੰਘ ਗਿੱਲ, ਡਾ. ਹਰਪ੍ਰੀਤ ਸਿੰਘ, ਰਛਪਾਲ ਸਿੰਘ ਸੋਸਨ ਬੀ. ਈ. ਈ., ਡਾ. ਹਰਜੀਤ ਕੌਰ, ਡਾ. ਮਨਪ੍ਰੀਤ ਕੌਰ, ਡਾ. ਸੁਖਚੈਨ ਸਿੰਘ, ਡਾ. ਬੱਬਲੂ, ਐੱਸ. ਆਈ. ਬਲਰਾਜ ਸਿੰਘ, ਫਾਰਮਾਸਿਸਟ ਰਾਜਪਾਲ ਕੌਰ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।

ਬੱਚਿਆਂ ਦੇ ਦੰਦਾਂ, ਅੱਖਾਂ, ਅਤੇ ਹੋਰ ਸਰੀਰਕ ਪੱਖਾਂ ਦੀ ਜਾਂਚ ਕੀਤੀ ਗਈ। ਮਾਹਿਰਾਂ ਨੇ ਬੱਚਿਆਂ ਨੂੰ ਸਫਾਈ, ਖੁਰਾਕ ਅਤੇ ਕਸਰਤ ਵੱਲ ਧਿਆਨ ਦੇਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਸਕੂਲ ਦੇ ਚੇਅਰਮੈਨ ਬਲਦੇਵ ਕ੍ਰਿਸ਼ਨ ਅਰੋੜਾ, ਪ੍ਰਧਾਨ ਡਾ. ਮਨਿੰਦਰਪਾਲ ਅਰੋੜਾ, ਡਾਇਰੈਕਟਰ ਡਾ. ਨੀਤੂ ਅਰੋੜਾ, ਪ੍ਰਿੰਸੀਪਲ ਵਿਨੋਦ ਸ਼ਰਮਾ ਨੇ ਸਿਹਤ ਵਿਭਾਗ ਵਲੋਂ ਵਿਦਿਆਰਥੀਆਂ ਨੂੰ ਦਿੱਤੀ ਗਈ ਜਾਣਕਾਰੀ ਲਈ ਉਨ੍ਹਾਂ ਦਾ ਧੰਨਵਾਦ ਕੀਤਾ। ਇਸ ਮੌਕੇ ਸਕੂਲ ਦਾ ਸਮੂਹ ਸਟਾਫ ਹਾਜ਼ਰ ਸੀ।

Scanned by CamScanner

कैंप में बच्चों की जांच करते डाक्टर। (शुभम)

# बच्चों की आंखों व दांतों का किया चैकअप

मोगा, 21 मई (बिंदा): गोल्डन अर्थ कान्वैंट स्कूल जोगेवाला में सेहत जांच कैंप लगाया गया, जिसमें एस.एम.ओ. डरोली भाई डा. इन्द्रवीर सिंह गिल, डा. हरप्रीत सिंह, रशपाल सिंह बी.ई.ई., डा. हरजीत कौर, डा. मनप्रीत कौर, डा. सुखचैन सिंह, डा. बबलू एस.आई. बलराज सिंह, फार्मासिस्ट राजपाल कौर विशेष तौर पर उपस्थित हुए।

इस मौके विद्यार्थियों के दांतों व आंखों की जांच की गई। डाक्टरों ने बच्चों को सफाई, खुराक एवं कसरत की ओर ध्यान देने के लिए प्रेरित किया। इस अवसर पर स्कूल चेयरमैन बलदेव कृष्ण अरोड़ा, अध्यक्ष डा. मनिंदरपाल अरोड़ा, डायरैक्टर डा. नीतू अरोड़ा, प्रिंसीपल विनोद शर्मा व समूह स्टाफ उपस्थित था।

Scanned by CamScanner




Scanned by CamScanner

ਗੋਲਡਨ ਅਰਥ ਕਾਨਵੈਂਟ ਸਕਲ ਜੋਗੇਵਾਲਾ 'ਚ ਮਾਂ ਦਿਵਸ ਮਨਾਉਂਦੇ ਹੋਏ ਸਕੂਲ ਦਾ ਸਟਾਫ਼।

# ਮਾਂ ਦਿਵਸ ਨੂੰ ਸਮਰਪਿਤ ਕੋਰੀਓਗ੍ਰਾਫ਼ੀ ਪੇਸ਼

ਪੱਤਰ ਪ੍ਰੇਰਕ, ਮੋਗਾ : ਗੋਲਡਨ ਅਰਥ ਕਾਨਵੈਂਟ ਸਕੂਲ ਜੋਗੇਵਾਲਾ 'ਚ ਮਾਂ ਦਿਵਸ ਮਨਾਇਆ ਗਿਆ। ਇਸ ਸਮੇਂ ਬੱਚਿਆਂ ਦੇ ਮਾਪਿਆਂ ਨੇ ਵੀ ਸ਼ਿਰਕਤ ਕੀਤੀ। ਪ੍ਰਿੰਸੀਪਲ ਵਿਨੋਦ ਸ਼ਰਮਾ ਨੇ ਆਈਆਂ ਹੋਈਆਂ ਸਭ ਬੱਚਿਆਂ ਦੀਆਂ ਮਾਂਵਾਂ ਦਾ ਧੰਨਵਾਦ ਕੀਤਾ ਤੇ ਇਸ ਦਿਵਸ ਦੀਆਂ ਮੁਬਾਰਕਾਂ ਦਿੱਤੀਆਂ। ਉਨ੍ਹਾਂ ਕਿਹਾ ਕਿ ਮਾਂ ਇੱਕ ਰੱਬ ਦਾ ਰੂਪ ਹੁੰਦੀ ਹੈ ਤੇ ਮਾਂ ਤੋਂ ਬਗੈਰ ਤਾਂ ਦੁਨੀਆ ਚੰਗੀ ਨਹੀਂ ਲੱਗਦੀ। ਜਿਵੇ ਕਿਸੇ ਨੇ ਕਿਹਾ ਕਿ ਮਾਂ ਬੋਹੜ ਦੀ ਛਾਂ ਤੇ ਰੱਬ ਦਾ ਨਾਂ ਤਿੰਨੇ ਇੱਕੋ ਜਿਹੇ ਤੇ ਮਾਂ ਦੀ ਮਹੱਤਤਾ ਬਾਰੇ ਹੋਰ ਵਿਚਾਰ ਸਾਂਝੇ ਕੀਤੇ। ਇਸ ਮੌਕੇ ਬੱਚਿਆਂ ਨੇ ਭੰਗੜਾ, ਡਾਂਸ ਕੋਰੀਓਗ੍ਰਾਫ਼ੀ ਆਦਿ ਗਤੀਵਿਧੀਆਂ ਪੇਸ਼ ਕੀਤੀਆਂ। ਇਸ ਸਮੇਂ ਬੱਚਿਆਂ ਦੀਆਂ ਮਾਂਵਾਂ ਲਈ ਵੀ ਕੁਝ ਖੇਡਾਂ ਕਰਵਾਈਆਂ ਗਈਆਂ। ਚੇਅਰਮੈਨ ਬਲਦੇਵ ਕ੍ਰਿਸ਼ਨ ਅਰੋੜਾ ਨੇ ਇਸ ਦਿਵਸ ਤੇ ਪਹੁੰਚਣ 'ਤੇ ਸਭ ਨੂੰ ਵਧਾਈਆਂ ਦਿੱਤੀਆਂ। ਇਸ ਸਮੇਂ ਪ੍ਰਧਾਨ ਡਾ.ਮਨਿੰਦਰਪਾਲ ਅਰੋੜਾ, ਡਾਇਰੈਕਟਰ ਡਾ ਨੀਰੂ ਅਰੋੜਾ ਅਤੇ ਸਟਾਫ ਆਦਿ ਹਾਜ਼ਰ ਸਨ।

Scanned by CamScanner



ੋਲਡਨ ਅਰਥ ਕਾਂਨਵੈਂਟ ਸਕੂਲ 'ਚ ਸਲਾਦ ਪਾਰਟੀ ਦੌਰਾਨ ਬੱਚੇ ਤੇ ਸਟਾਫ ਮੈਂਬਰ।

# ਗੋਲਡਨ ਅਰਥ ਸਕੂਲ 'ਚ ਕੀਤੀ 'ਸਲਾਦ ਪਾਰਟੀ'

**ਵਕੀਲ ਮਹਿਰੋਂ , ਮੋਗਾ**

ਇਲਾਕੇ ਦੀ ਨਾਮਵਰ ਵਿਦਿਅਕ ਸ਼ੰਸਥਾ ਗੋਲਡਨ ਅਰਥ ਕਾਂਨਵੈਂਟ ਸਕੂਲ ਜੋਗੇਵਾਲਾ 'ਚ ਬੱਚਿਆਂ ਨੂੰ ਤੰਦਰੁਸਤ ਸਿਹਤ ਦੇ ਵਿਸ਼ੇ ਨੂੰ ਮੁੱਖ ਰੱਖਦਿਆ ਸਲਾਦ ਪਾਰਟੀ ਕੀਤੀ ਗਈ। ਇਸ ਮੌਕੇ ਪ੍ਰਿੰਸੀਪਲ ਵਿਨੋਧ ਕੁਮਾਰ ਸਰਮਾ ਨੇ ਬੱਚਿਆਂ ਨੂੰ ਜਾਣਕਾਰੀ ਦਿੰਦਿਆ ਦੱਸਿਆ ਕਿ ਸਲਾਦ ਦਾ ਰੋਜਾਨਾ ਸੇਵਨ ਕਰਨ ਨਾਲ ਜੀਵਨ ਵਿੱਚ ਬਹੁਤ ਮਹੱਤਵ ਹੈ ਇਹ ਸਲਾਦ ਸਾਡੀ ਸਿਹਤ ਨੂੰ ਤੰਦਰੁਸਤ ਰੱਖਦਾ ਹੈ ਤੇ ਹਰ ਰੋਗ ਮੁਕਤ ਬਣਾਉਂਦਾ ਹੈ। ਉਨ੍ਹਾਂ ਕਿਹਾ ਕਿ ਸਵੇਰੇ ਅਤੇ ਸਾਮ ਦੇ ਖਾਣੇ ਨਾਲ ਸਾਨੂੰ ਸਲਾਦ ਦੀ ਵਰਤੋ ਜਰੂਰ ਕਰਨੀ ਚਾਹੀਦੀ ਹੈ ਤਾਂ ਹੀ ਅਸੀ ਹਰ ਬਿਮਾਰੀ ਤੋਂ ਮੁਕਤ ਹੋਵਾਗੇ ਇਸ ਮੌਕੇ ਸਕੂਲ ਦੇ ਚੇਅਰਮੈਨ ਬਲਦੇਵ ਕ੍ਰਿਸਨ ਅਰੋੜਾ, ਪ੍ਰਧਾਨ ਡਾ ਮਨਿੰਦਰਪਾਲ ਅਰੋੜਾ, ਡਾਇਰੈਕਟਰ ਡਾ ਨੀ ਨੀਤੂ ਅਰੋੜਾ ਕੋਆਰਡੀਨੇਟਰ ਅਨੁਰਾਧਾ ਪੁਰਬਾ, ਮੈਨੇਜਰ ਬੀਕੇ ਆਹੂਜਾ ਅਤੇ ਸਮੂਹ ਸਟਾਫ ਹਾਜ਼ਰ ਸਨ।

Scanned by CamScanner